# ਯਿਸੂ ਦੇ ਨਾਲ ਨੇੜਤਾ

## ਯੂਹੰਨਾ 1:35-51 ਦਾ ਅਧਿਐਨ

ਦੁਆਰਾ ਫ੍ਰੈਂਕਲਿਨ

ਯੂਹੰਨਾ **1:35** ਦੂਜੇ ਦਿਨ ਯੂਹੰਨਾ ਅਤੇ ਉਹ ਦੇ ਚੇਲਿਆਂ ਵਿੱਚੋਂ ਦੋ ਜਣੇ ਖਲੋਤੇ ਹੋਏ ਸਨ।

ਆਇਤ 1 **ਕੇਵਲ ਦੋ ਚੇਲੇ!** ਯੂਹੰਨਾ ਭੀੜਾਂ ਨੂੰ ਬਪਤਿਸਮਾ ਦਿੰਦਾ ਹੈ (ਲੂਕਾ 3:10)

**ਕੇਵਲ ਦੋ ਕਿਉਂ???** **ਬਾਕੀ ਦੇ ਕਿੱਥੇ ਸਨ???**

ਇਨ੍ਹਾਂ ਦੋ ਚੇਲਿਆਂ ਦੀ **ਪਹਿਲੀ ਪ੍ਰਾਥਮਿਕਤਾ** ਮਸੀਹ ਯਿਸੂ ਦੇ ਬਾਰੇ ਵਧੇਰੇ ਜਾਣਨਾ ਅਤੇ ਜਾਣਨ ਦਾ ਜਤਨ ਕਰਨਾ ਸੀ।

ਯਿਸੂ ਨੇ ਸਾਨੂੰ ਦੱਸਿਆ ਕਿ ਬੀਜ ਬੀਜਣ ਵਾਲੇ ਦੇ ਦ੍ਰਿਸ਼ਟਾਂਤ ਵਿੱਚ **ਕੇਵਲ ਥੋੜੇ ਹੀ ਕਿਉਂ ਹਨ**: ਮਰਕੁਸ 4:19+

ਬੀਜ = ਵਚਨ ਅਤੇ 4 ਤਰ੍ਹਾਂ ਦੇ ਲੋਕ:

- ਪਹੇ ਦੇ **ਕਨਾਰੇ – ਸ਼ਤਾਨ** ਓਵੇਂ ਆਣ ਕੇ ਉਸ ਬਚਨ ਨੂੰ ਲੈ ਜਾਂਦਾ ਹੈ
- **ਪਥਰੇਲਿਆਂ** ਥਾਵਾਂ – **ਦੁਖ** ਵਿੱਚ ਪੈਂਦੇ ਯਾ **ਸਤਾਏ** ਜਾਂਦੇ ਹਨ ਤਾਂ ਝੱਟ ਠੋਕਰ ਖਾਂਦੇ ਹਨ
- **ਕੰਡਿਆਲਿਆਂ** - ਦੁਨੀਆ ਦੀ **ਚਿੰਤਾ** ਅਰ **ਧਨ** ਦਾ ਧੋਖਾ ਅਰ ਹੋਰਨਾਂ **ਚੀਜ਼ਾਂ** ਦਾ ਲੋਭ (**ਭੋਗ ਬਿਲਾਸ** ਲੂਕਾ 8:14) ਆਣ ਕੇ ਬਚਨ ਨੂੰ ਦਬਾ ਲੈਂਦੇ ਹਨ
- **ਚੰਗੀ ਜਮੀਨ** – ਬਚਨ ਨੂੰ ਸੁਣ ਕੇ ਮੰਨ ਲੈਂਦੇ ਅਤੇ **ਫਲ ਦਿੰਦੇ ਹਨ**, 30, 60 ਅਤੇ 100 ਗੁਣਾ

ਚਿੰਤਾ: ਵਚਨ ਨੂੰ ਦਬਾ ਦਿੰਦੀ ਹੈ ਮੱਤੀ 6:25-33 . . . ਸੋ **ਤੁਸੀਂ ਚਿੰਤਾ ਕਰ ਕੇ ਇਹ ਨਾ ਕਹੋ** ਭਈ ਕੀ ਖਾਵਾਂਗੇ? ਯਾ ਕੀ ਪੀਵਾਂਗੇ? ਯਾ ਕੀ ਪਹਿਨਾਂਗੇ? (32) ...ਕਿਉਂ ਜੋ ਤੁਹਾਡਾ ਸੁਰਗੀ ਪਿਤਾ ਜਾਣਦਾ ਹੈ ਜੋ ਤੁਹਾਨੂੰ ਇਨ੍ਹਾਂ ਸਭਨਾਂ ਵਸਤਾਂ ਦੀ ਲੋੜ ਹੈ। (33) ਪਰ ਤੁਸੀਂ ਪਹਿਲਾਂ ਉਹ ਦੇ ਰਾਜ ਅਤੇ ਉਹ ਦੇ ਧਰਮ ਨੂੰ ਭਾਲੋ ਤਾਂ ਤੁਹਾਨੂੰ **ਏਹ ਸਾਰੀਆਂ ਵਸਤਾਂ ਵੀ ਦਿੱਤੀਆਂ ਜਾਣਗੀਆਂ।**

ਫ਼ਿਲਿੱਪੀਆਂ 4:6-7 **ਕਿਸੇ ਗੱਲ ਦੀ ਚਿੰਤਾ ਨਾ ਕਰੋ** ਸਗੋਂ ਹਰ ਗੱਲ ਵਿੱਚ ਤੁਹਾਡੀਆਂ ਅਰਦਾਸਾਂ ਪ੍ਰਾਰਥਨਾ ਅਤੇ ਬੇਨਤੀ ਨਾਲ ਧੰਨਵਾਦ ਸਣੇ ਪਰਮੇਸ਼ਰ ਦੇ ਅੱਗੇ ਕੀਤੀਆਂ ਜਾਣ (7) ਅਤੇ ਪਰਮੇਸ਼ਰ ਦੀ ਸ਼ਾਂਤੀ ਜੋ ਸਾਰੀ ਸਮਝ ਤੋਂ ਪਰੇ ਹੈ ਮਸੀਹ ਯਿਸੂ ਵਿੱਚ ਤੁਹਾਡਿਆਂ **ਮਨਾਂ** ਅਤੇ **ਸੋਚਾਂ** ਦੀ ਰਾਖੀ ਕਰੇਗੀ।

ਤੀਤੁਸ 2:11-12 ਕਿਉਂ ਜੋ ਪਰਮੇਸ਼ਰ ਦੀ **ਕਿਰਪਾ** ਸਭਨਾਂ ਮਨੁੱਖਾਂ ਦੀ ਮੁਕਤੀ ਲਈ ਪਰਗਟ ਹੋਈ। (12) ਅਤੇ ਸਾਨੂੰ ਤਾੜਨਾ ਦਿੰਦੀ ਹੈ ਭਈ ਅਸੀਂ ਅਭਗਤੀ ਅਤੇ **ਸੰਸਾਰੀ ਵਿਸ਼ਿਆਂ** ਤੋਂ ਮਨ ਫੇਰ ਕੇ ਇਸ ਵਰਤਮਾਨ ਜੁੱਗ ਵਿੱਚ **ਸੁਰਤ**, ਧਰਮ ਅਤੇ ਭਗਤੀ ਨਾਲ ਉਮਰ ਬਤੀਤ ਕਰੀਏ।

ਮਾਯਾ: ਵਚਨ ਨੂੰ ਦਬਾ ਦਿੰਦੀ ਹੈ ਲੂਕਾ 16:1, 10-15 ਤੁਸੀਂ ਪਰਮੇਸ਼ਰ ਅਤੇ **ਮਾਯਾ** ਦੋਹਾਂ ਦੀ ਸੇਵਾ ਨਹੀਂ ਕਰ ਸੱਕਦੇ ਹੋ

1 ਤਿਮੋਥਿਉਸ 6:9 ਪਰ ਓਹ ਜਿਹੜੇ **ਧਨਵਾਨ** ਬਣਿਆ **ਚਾਹੁੰਦੇ ਹਨ** ਸੋ **ਪਰਤਾਵੇ** ਅਤੇ **ਫਾਹੀ** ਵਿੱਚ ਅਤੇ ਬਹੁਤਿਆਂ **ਮੂਰਖਪੁਣੇ ਦਿਆਂ** ਅਤੇ **ਨੁਕਸਾਨ ਕਰਨ ਵਾਲਿਆਂ ਵਿਸ਼ਿਆਂ** ਵਿੱਚ ਪੈਂਦੇ ਹਨ ਜੋ ਮਨੁੱਖਾਂ ਨੂੰ **ਤਬਾਹੀ** ਅਤੇ **ਨਾਸ** ਦੇ ਸਮੁੰਦਰ ਵਿੱਚ ਡੋਬ ਦਿੰਦੇ ਹਨ।

ਇਬਰਾਨੀਆਂ 13:5 ਤੁਸੀਂ **ਮਾਇਆ ਦੇ ਲੋਭ** ਤੋਂ ਰਹਿਤ ਰਹੋ। ਜੋ ਕੁਝ ਤੁਹਾਡੇ ਕੋਲ ਹੈ ਉਸ ਉੱਤੇ ਸੰਤੋਖ ਕਰੋ। 1 ਤਿਮੋਥਿਉਸ 3:3;6:10

ਵਸਤਾਂ / ਭੋਗ ਬਿਲਾਸ (ਲੂਕਾ 8:14) ਵਚਨ ਨੂੰ ਦਬਾ ਦਿੰਦੇ ਹਨ

1 ਯੂਹੰਨਾ 2:15 ਸੰਸਾਰ ਨਾਲ ਮੋਹ ਨਾ ਰੱਖੋ, ਨਾ ਉਨ੍ਹਾਂ **ਵਸਤਾਂ** ਨਾਲ ਜੋ ਸੰਸਾਰ ਵਿੱਚ ਹਨ।

1 ਤਿਮੋਥਿਉਸ 6:8 ਪਰ ਜਦੋਂ ਸਾਨੂੰ ਭੋਜਨ ਬਸਤਰ ਮਿਲਿਆ ਹੋਇਆ ਹੈ ਤਾਂ ਸਾਡੇ ਲਈ ਇਹੋ **ਬਥੇਰਾ** ਹੈ।

ਦਾਨੀਏਲ 12:4 ਨੇ ਨਬੂਵਤ ਕੀਤੀ: *ਓੜਕ ਦੇ ਸਮੇਂ...ਬਥੇਰੇ ਏੱਧਰ ਉੱਧਰ ਭੱਜਣਗੇ*

ਖੇਡਾਂ / ਖਰੀਦਦਾਰੀ / ਵਗੈਰਾ

**ਪੌਲੁਸ ਦਾ ਹਿਰਦਾ**: ਫ਼ਿਲਿੱਪੀਆਂ 3:7-9 ਪਰ ਜਿਹੜੀਆਂ ਗੱਲਾਂ ਮੇਰੇ ਲਾਭ ਦੀਆਂ ਸਨ ਮੈਂ **ਉਨ੍ਹਾਂ ਨੂੰ** ਮਸੀਹ ਦੇ ਕਾਰਨ **ਹਾਨ** ਦੀਆਂ ਸਮਝਿਆ। (8) ਸਗੋਂ **ਮਸੀਹ ਯਿਸੂ ਆਪਣੇ ਪ੍ਰਭੂ ਦੇ ਗਿਆਨ ਦੀ ਉੱਤਮਤਾਈ ਦੇ ਕਾਰਨ ਸਾਰੀਆਂ ਗੱਲਾਂ ਨੂੰ** ਮੈਂ ਹਾਨ ਦੀਆਂ ਹੀ ਸਮਝਦਾ ਹਾਂ ਅਤੇ ਉਹ ਦੀ ਖ਼ਾਤਰ ਮੈਂ ਇਨ੍ਹਾਂ **ਸਭਨਾਂ ਗੱਲਾਂ ਦੀ** ਹਾਨ ਝੱਲੀ ਅਤੇ ਉਨ੍ਹਾਂ ਨੂੰ ਕੂੜਾ ਸਮਝਦਾ ਹਾਂ **ਭਈ ਮੈਂ ਮਸੀਹ ਨੂੰ ਖੱਟ ਲਵਾਂ** (9) ਅਤੇ ਮੈਂ ਉਸ ਵਿੱਚ (or ਨਾਲ) ਪਾਇਆ ਜਾਵਾਂ

ਆਈਜ਼ਕ ਵਾਟਸ ਨੇ ਵੀ ਆਪਣੇ ਭਜਨ, ਜਦੋਂ ਮੈਂ ਅਦਭੁਤ ਸਲੀਬ ਉੱਤੇ ਗੌਰ ਕਰਦਾ ਹਾਂ, ਵਿੱਚ ***"ਵਸਤਾਂ"*** ਦੀ ਫਾਹੀ ਨੂੰ ਸਿਆਣਿਆ ਅਤੇ ਲਿਖਿਆ: ਅਜਿਹਾ ਕਦੇ ਨਾ ਹੋਵੇ ਕਿ ਮੈਂ ਆਪਣੇ ਰਾਜਾ ਮਸੀਹ ਦੀ ਸਲੀਬ ਤੋਂ ਇਲਾਵਾ ਕਿਸੇ ਹੋਰ ਗੱਲ 'ਤੇ ਅਭਮਾਨ ਕਰਾਂ – **ਜਿਹੜੀਆਂ ਵਿਅਰਥ ਵਸਤਾਂ ਮੈਨੂੰ ਸਭ ਤੋਂ ਵਧ ਲੁਭਾਉਂਦੀਆਂ ਹਨ – ਉਨ੍ਹਾਂ ਨੂੰ ਮੈਂ ਇੱਕ ਪਾਸੇ ਕਰਦਾ ਹਾਂ** ਅਤੇ ਉਸ ਦੀ ਸਲੀਬ ਨੂੰ ਫੜ ਲੈਂਦਾ ਹਾਂ।

- ਸਮੱਸਿਆ ਇਹੋ ਹੈ – ਵਸਤਾਂ ਸਾਨੂੰ ਲੁਭਾਉਂਦੀਆਂ ਹਨ . . . ਸਾਡੇ ਸਮੇਂ ਅਤੇ ਧਿਆਨ ਨੂੰ ਖਾ ਜਾਂਦੀਆਂ ਹਨ

---

**ਇਹ ਮਸਲਾ ਹਿਰਦੇ ਦਾ / ਪ੍ਰਾਥਮਿਕਤਾਵਾਂ ਦਾ ਹੈ / ਤੁਹਾਡੇ ਲਈ ਕੀਮਤੀ ਕੀ ਹੈ।**

ਜਿੱਥੇ ਤੇਰਾ ਧਨ ਹੈ ਉੱਥੇ ਤੇਰਾ ਮਨ ਵੀ ਹੋਵੇਗਾ। ਮੱਤੀ 6:21

**ਇਹੋ ਮੁੱਖ ਕਾਰਨ ਹੈ ਕਿ ਹਮੇਸ਼ਾ > ਥੋੜੇ ਹੀ ਲੋਕ ਕਿਉਂ ਹੁੰਦੇ ਹਨ :o(**

---

ਲੂਕਾ 17:11-19 ਭਲਾ, ਦਸੇ ਸ਼ੁੱਧ ਨਹੀਂ ਹੋਏ? ਤਾਂ ਓਹ ਨੌ ਕਿੱਥੇ ਹਨ?

- ਅਸੀਂ ਕਿੰਨੀਆਂ ਅਸੀਸਾਂ ਪ੍ਰਾਪਤ ਕਰਦੇ ਹਾਂ ਅਤੇ ਖੁਸ਼ੀ-ਖੁਸ਼ੀ ਆਪਣੇ ਰਾਹ 'ਤੇ ਅਗਾਂਹ ਵਧ ਜਾਂਦੇ ਹਾਂ?
- ਸ਼ੁਕਰਗੁਜ਼ਾਰੀ ਦਾ ਰਵੱਈਆ – 1 ਥੱਸਲੁਨੀਕੀਆਂ 5:18 ਹਰ ਹਾਲ ਵਿੱਚ ਧੰਨਵਾਦ ਕਰੋ ਕਿਉਂ ਜੋ ਤੁਹਾਡੇ ਲਈ ਮਸੀਹ ਯਿਸੂ ਵਿੱਚ ਪਰਮੇਸ਼ਰ ਦੀ ਇਹੋ ਇੱਛਿਆ ਹੈ।

---

ਯਿਸੂ ਨੇ ਭੀੜਾਂ ਨੂੰ ਸਿੱਖਿਆ ਦਿੱਤੀ > ਪਰ ਅਸਲ ਵਿੱਚ ਉਸ ਦੇ ਮਗਰ ਕੌਣ ਤੁਰਿਆ??

ਉਸ ਨੇ ਬਾਰਾਂ ਚੇਲਿਆਂ ਨੂੰ ਸੱਦਿਆ ਸੀ – ਪਰ ਬਾਕੀਆਂ ਨਾਲੋਂ ਕੁਝ ਉਸ ਦੇ ਵਧੇਰੇ ਨੇੜੇ ਸਨ

**12** ਚੇਲਿਆਂ ਵਿੱਚੋਂ > ਬਾਕੀਆਂ ਨਾਲੋਂ ਵਧ ਕੇ **3** ਉਸ ਦੇ ਮਗਰ ਜ਼ਿਆਦਾ ਤੁਰੇ

**3** ਵਿੱਚੋਂ > **1** ਬਾਕੀਆਂ ਨਾਲੋਂ ਵਧੇਰੇ ਉਸ ਦੇ ਮਗਰ ਤੁਰਿਆ: ਯੂਹੰਨਾ **13:21+**

---

ਇਨ੍ਹਾਂ **ਦੋਹਾਂ ਲਈ** – ਉਨ੍ਹਾਂ ਦੀ ਇੱਛਾ / ਉਨ੍ਹਾਂ ਦੀ ਪ੍ਰਾਥਮਿਕਤਾ / ਉਨ੍ਹਾਂ ਦੀ ਭੁੱਖ -> ਇਹ ਸੀ ਕਿ ਉਹ **ਪ੍ਰਭੂ ਨੂੰ** ਹੋਰ ਵਧੇਰੇ ਨੇੜਿਓਂ **ਜਾਣਨ**!

**ਯਿਸੂ ਨੇ ਸਾਨੂੰ ਬਾਰ-ਬਾਰ ਪ੍ਰਤਿੱਗਿਆ ਕੀਤੀ ਹੈ**:

| | |
|---|---|
| ਬਿਵਸਥਾ ਸਾਰ 4:29 | ਫੇਰ ਤੁਸੀਂ ਉੱਥੇ ਯਹੋਵਾਹ ਆਪਣੇ ਪਰਮੇਸ਼ਰ ਦੀ **ਭਾਲ ਕਰੋਗੇ** ਅਤੇ **ਤੁਸੀਂ ਉਹ ਨੂੰ ਪਾਓਗੇ** ਜਦ **ਆਪਣੇ ਸਾਰੇ ਹਿਰਦੇ ਨਾਲ ਅਤੇ ਆਪਣੇ ਸਾਰੇ ਮਨ ਨਾਲ** ਢੂੰਡ ਕਰੋਗੇ। |
| 1 ਇਤਹਾਸ 22:19 | ਸੋ ਹੁਣ ਤੁਸੀਂ ਆਪਣੇ **ਮਨ** ਅਤੇ **ਤਨ** ਨਾਲ ਯਹੋਵਾਹ ਆਪਣੇ ਪਰਮੇਸ਼ਰ ਦੀ **ਭਾਲ ਵਿੱਚ ਲੱਗੇ ਰਹੋ** |
| 2 ਇਤਹਾਸ 12:14 | ਉਸ ਨੇ ਬੁਰਿਆਈ ਕੀਤੀ **ਕਿਉਂ ਜੋ** ਉਸ ਨੇ ਯਹੋਵਾਹ ਦੀ **ਖੋਜ** ਵਿੱਚ ਆਪਣਾ ਮੰਨ ਨਾ ਲਾਇਆ। |
| ਜ਼ਬੂਰਾਂ 34:10 | ਯਹੋਵਾਹ ਦੇ **ਤਾਲਿਬਾਂ** ਨੂੰ ਕਿਸੇ ਚੰਗੀ ਵਸਤ ਦੀ ਥੁੜ ਨਹੀਂ ਹੋਵੇਗੀ। |
| ਜ਼ਬੂਰਾਂ 105:4 | ਯਹੋਵਾਹ ਤੇ ਉਹ ਦੇ ਸਮਰਥ ਦੀ **ਭਾਲ ਕਰੋ**, ਉਹ ਦੇ ਦਰਸ਼ਣ ਨੂੰ ਲਗਾਤਾਰ **ਲੋਚੋ।** |
| ਕਹਾਉਤਾਂ 28:5 | ਯਹੋਵਾਹ ਦੇ **ਤਾਲਿਬ** ਸਭ ਕੁਝ ਸਮਝਦੇ ਹਨ। |
| ਯਸਾਯਾਹ 55:6 | ਯਹੋਵਾਹ ਨੂੰ **ਭਾਲੋ** ਜਦ ਤੀਕ ਉਹ ਲੱਭ ਸੱਕੇ, ਉਹ ਨੂੰ **ਪੁਕਾਰੋ** ਜਦ ਤੀਕ ਉਹ ਨੇੜੇ ਹੈ। |

ਇਸ ਵੇਲੇ ਉਹ ਤੁਹਾਡੇ ਬਹੁਤ ਨੇੜੇ ਹੈ! ਦਿਨ-ਪ੍ਰਤੀ-ਦਿਨ।

ਉਹ ਕੋਲੋਂ ਦੀ ਲੰਘ ਰਿਹਾ ਹੈ...ਕੀ ਤੁਸੀਂ ਉਸ ਦੇ ਮਗਰ ਹੋ ਲਵੋਗੇ ਜਾਂ ਕੰਡਿਆਂ ਵਿੱਚ ਫਸ ਕੇ ਰਹਿ ਜਾਵੋਗੇ?

ਇਹ ਇੱਕ ਪਰਖ ਹੈ (ਕਿ ਤੁਸੀਂ ਕਿਸ ਨੂੰ ਪ੍ਰੇਮ ਕਰਦੇ ਹੋ) >ਇੱਕ ਮੌਕਾ>ਤੁਸੀਂ ਕੀ ਕਰੋਗੇ?

........................................................................................................................................

ਯੂਹੰਨਾ 1:36-37 ਅਤੇ ਉਸ ਨੇ ਯਿਸੂ ਨੂੰ ਤੁਰਿਆ ਜਾਂਦਾ ਵੇਖ ਕੇ ਆਖਿਆ, ਵੇਖੋ ਪਰਮੇਸ਼ਰ ਦਾ ਲੇਲਾ! (37) ਤਾਂ ਓਹ ਦੋਵੇਂ ਚੇਲੇ ਉਸ ਦੀ ਗੱਲ ਸੁਣ ਕੇ **ਯਿਸੂ ਦੇ ਮਗਰ ਤੁਰ ਪਏ।**

ਇਹ ਚੇਲਾਪਣ ਹੈ > ਯਿਸੂ ਨੂੰ ਭਾਲਣ ਅਤੇ ਉਸ ਦੇ ਮਗਰ ਤੁਰਨ ਲਈ ਹਿਰਦਿਆਂ ਨੂੰ ਤਿਆਰ ਕਰਨਾ

........................................................................................................................................

ਯੂਹੰਨਾ **1:38** **ਤਾਂ ਯਿਸੂ ਨੇ ਪਿਛਾਹਾਂ ਮੁੜ ਕੇ** ਅਤੇ ਉਨ੍ਹਾਂ ਨੂੰ ਮਗਰ ਆਉਂਦੇ ਵੇਖ ਕੇ ਉਨ੍ਹਾਂ ਨੂੰ ਆਖਿਆ, **ਤੁਸੀਂ ਕੀ ਭਾਲਦੇ ਹੋ**? ਉਹਨਾਂ ਉਸਨੂੰ ਆਖਿਆ, ਹੇ ਰੱਬੀ! (ਅਰਥਾਤ ਹੇ ਗੁਰੂ!), ਤੁਸੀਂ ਕਿੱਥੇ ਟਿਕਦੇ ਹੋ?

- **ਤਾਂ ਯਿਸੂ ਨੇ ਪਿਛਾਹਾਂ ਮੁੜ ਕੇ** – ਇਸ ਤਰ੍ਹਾਂ ਤੁਸੀਂ ਉਸ ਦਾ ਧਿਆਨ ਖਿੱਚ ਸਕਦੇ ਹੋ। ਉਸ ਦੇ ਨਾਲ ਵਧੇਰੇ ਨੇੜਤਾ ਦਾ ਸੰਬੰਧ ਰੱਖਣ ਦੀ **ਇੱਛਾ** ਕਰਨਾ ਅਤੇ ਇਸ ਦਾ **ਜਤਨ** ਕਰਨਾ ਅਰੰਭ ਕਰੋ। ਉਸ ਦੇ ਮਗਰ ਤੁਰੋ।
- ਉਹ ਯਿਸੂ ਦੇ ਆਹਮਣੇ-ਸਾਹਮਣੇ ਸਨ / ਉਸ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਵੇਖ ਰਹੇ ਸਨ। ਇਹ ਅਨੁਭਵ ਕਿਹੋ ਜਿਹਾ ਹੋਵੇਗਾ?
- ਅਤੇ ਯਿਸੂ ਨੇ ਉਨ੍ਹਾਂ ਤੋਂ ਇੱਕ ਸਵਾਲ ਪੁੱਛਿਆ — ਇਹੋ ਸਵਾਲ ਉਹ ਸਾਥੋਂ ਵੀ ਬਾਰ-ਬਾਰ ਪੁੱਛਦਾ ਹੈ: **ਤੁਸੀਂ ਕੀ ਭਾਲਦੇ ਹੋ? - ਤੁਸੀਂ ਕੀ ਲੱਭਦੇ ਹੋ? ਤੁਸੀਂ ਕੀ ਚਾਹੁੰਦੇ ਹੋ?**
    - ਉਹ ਤੁਹਾਡੇ ਹਿਰਦੇ ਨੂੰ ਵੇਖਦਾ ਹੈ। ਜ਼ਰੂਰੀ ਹੈ ਕਿ ਤੁਸੀਂ ਉਸ ਨੂੰ ਸੱਚ ਦੱਸੋ।
    - ਉਨ੍ਹਾਂ ਦੇ ਕੋਲ ਇੱਕ ਵਧੀਆ ਜਵਾਬ ਸੀ – ਤੁਸੀਂ ਕਿੱਥੇ ਟਿਕਦੇ ਹੋ? ਉਹ **ਉਸ ਦੇ ਨਾਲ** ਰਹਿਣਾ ਚਾਹੁੰਦੇ ਸਨ / **ਬਣੇ ਰਹਿਣਾ** ਚਾਹੁੰਦੇ ਸਨ।
        - ਯੂਹੰਨਾ 15:7 ਜੇ ਤੁਸੀਂ **ਮੇਰੇ ਵਿੱਚ ਰਹੋ** ਅਤੇ **ਮੇਰੀਆਂ ਗੱਲਾਂ** ਤੁਹਾਡੇ ਵਿੱਚ ਰਹਿਣ ਤਾਂ ਜੋ ਚਾਹੋ ਮੰਗੋ...

ਪ੍ਰਾਰਥਾਨਾਵਾਂ ਦੇ ਜਵਾਬ ਇਸੇ ਤਰ੍ਹਾਂ ਮਿਲਦੇ ਹਨ!

- ਕਿਉਂਕਿ: ਉਹ ਆਪਣਿਆਂ ਤਾਲਿਬਾਂ ਦਾ ਫਲ-ਦਾਤਾ ਹੈ ਇਬਰਾਨੀਆਂ 11:6

........................................................................................................................................

**ਤੁਹਾਡੀ ਇੱਛਾ ਕੀ ਹੈ? – ਤੁਸੀਂ ਕਿਸ ਦੇ ਮਗਰ ਜਾ ਰਹੇ ਹੋ? – ਕੀ ਹੈ ਜੋ ਤੁਹਾਨੂੰ ਕੁਝ ਕਰਨ ਲਈ ਪ੍ਰੇਰਿਤ ਕਰਦਾ ਹੈ?**

ਲੋਕ ਉਸੇ ਕੰਮ ਦੇ ਮਗਰ ਜਾਣਗੇ ਜਿਸ ਬਾਰੇ ਉਹ ਜੋਸ਼ ਨਾਲ ਭਰੇ ਹਨ।

1. ਯਿਸੂ ਦਾ ਜੋਸ਼ / ਪ੍ਰੇਰਣਾ: ਯੂਹੰਨਾ **17:24**
2. ਲੂਕਾ **10:38-42** ਮਾਰਥਾ: **ਧਿਆਨ ਭਟਕਿਆ ਹੋਇਆ** – **ਚਿੰਤਤ** – ਬਹੁਤ ਸਾਰੀਆਂ **ਗੱਲਾਂ** ਦੇ ਕਾਰਨ **ਪਰੇਸ਼ਾਨ** – ਕੰਡੇ। **ਮਰਿਯਮ** *"ਪਰ **ਇੱਕ ਗੱਲ**"*
3. ਜ਼ਬੂਰਾਂ **27:4** ਦਾਊਦ ਦਾ ਜੋਸ਼: (ਤੁਹਾਡੇ ਜੀਵਨ ਲਈ ਇੱਕ ਵਧੀਆ ਆਇਤ)

ਰਸੂਲਾਂ 13:22 ਮੈਂ...ਦਾਊਦ ਨੂੰ ਆਪਣੇ ਮਨ ਭਾਉਂਦਾ ਇੱਕ ਮਨੁੱਖ ਲੱਭਿਆ, ਉਹੋ ਮੇਰੀ ਸਾਰੀ ਮਰਜ਼ੀ ਪੂਰੀ ਕਰੇਗਾ।

4. **ਯਹੋਸ਼ੁਆ ਦਾ ਜੋਸ਼:** ਕੂਚ **33:7-11** ਇੱਕ ਗੱਭਰੂ...ਯਹੋਸ਼ੁਆ ਤੰਬੂ ਦੇ ਵਿੱਚੋਂ ਨਾ ਹਿੱਲਦਾ ਸੀ।

ਮੂਸਾ ਦੇ ਨਾਲ ਜਿੰਨੇ ਵੀ ਗੱਭਰੂ ਮਿਸਰ ਤੋਂ ਆਏ ਸਨ, ਉਨ੍ਹਾਂ ਵਿੱਚੋਂ ਕੇਵਲ ਇੱਕ ਹੀ ਸੱਚਮੁੱਚ ਪ੍ਰਭੂ ਦੇ ਕੰਮ ਵਿੱਚ ਲੱਗਾ ਸੀ:

- ਉਨ੍ਹਾਂ ਸਭਨਾਂ ਗੱਭਰੂਆਂ ਵਿੱਚੋਂ, ਕੇਵਲ ਇੱਕ ਹੀ ਸੀ – ਜਿਸ ਦੇ ਅੰਦਰ ਕੇਵਲ **ਇੱਕ ਗੱਲ** ਦੀ ਇੱਛਾ ਸੀ!
- ਅਜਿਹੇ ਹੋਰ ਲੋਕ ਕਿਉਂ ਨਹੀਂ ਸਨ?

2 ਤਿਮੋਥਿਉਸ 3:1-5 ਪਰ ਇਹ ਜਾਣ ਛੱਡ ਭਈ ਅੰਤ ਦਿਆਂ ਦਿਨਾਂ ਵਿੱਚ ਭੈੜੇ ਸਮੇਂ ਆ ਜਾਣਗੇ। (2) ਕਿਉਂ ਜੋ ਮਨੁੱਖ **ਆਪ ਸੁਆਰਥੀ, ਮਾਇਆ ਦੇ ਲੋਭੀ...ਹੰਕਾਰੀ...ਨਾਸ਼ੁਕਰੇ**, **ਅਪਵਿੱਤਰ**, (3) **ਨਿਰਮੋਹ**...ਅਸੰਜਮੀ...**ਪਰਮੇਸ਼ਰ ਦੇ ਨਹੀਂ ਸਗੋਂ ਭੋਗ ਬਿਲਾਸ ਦੇ ਪ੍ਰੇਮੀ ਹੋਣਗੇ**

2 ਇਤਹਾਸ 16:9 ਯਹੋਵਾਹ ਦੀਆਂ ਅੱਖਾਂ ਤਾਂ ਸਾਰੀ ਧਰਤੀ ਉੱਤੇ ਫਿਰਦੀਆਂ ਹਨ ਤਾਂ ਜੋ ਉਹ ਉਨ੍ਹਾਂ ਦੀ **ਸਹਾਇਤਾ ਲਈ ਜਿਨ੍ਹਾਂ ਦਾ ਦਿਲ ਉਸ ਉੱਤੇ ਪੂਰਨ ਨਿਹਚਾ ਰੱਖਦਾ ਹੈ ਆਪਣੇ ਆਪ ਨੂੰ ਸਮਰਥ ਵਿਖਾਵੇ।**

........................................................................................................................................

ਯੂਹੰਨਾ **1:39** ਉਸ ਨੇ ਉਨ੍ਹਾਂ ਨੂੰ ਆਖਿਆ, **ਆਓ ਤਾਂ ਵੇਖੋਗੇ। ਸੋ ਓਹ ਗਏ** ਅਰ ਜਿੱਥੇ ਉਹ ਰਹਿੰਦਾ ਸੀ **ਵੇਖਿਆ** ਅਤੇ ਉਸ ਦਿਨ ਉਹ ਦੇ ਸੰਗ ਰਹੇ। ਉਸ ਵੇਲੇ ਸਵਾ ਤਿੰਨਕੁ ਪਹਿਰ ਦਿਨ ਗਿਆ ਸੀ।

ਯੂਹੰਨਾ 11:40 ਯਿਸੂ ਨੇ ਉਹ ਨੂੰ ਕਿਹਾ...ਜੇ ਤੂੰ ਪਰਤੀਤ ਕਰੇਂ ਤਾਂ ਪਰਮੇਸ਼ਰ ਦੀ ਵਡਿਆਈ **ਵੇਖੇਂਗੀ?**

ਲੂਕਾ 4:18 ਯਿਸੂ ਇਸ ਲਈ ਆਇਆ ਕਿ ਅੰਨ੍ਹਿਆਂ ਨੂੰ ਵੇਖਣ ਲਈ ਅੱਖਾਂ ਦੇਵੇ।

**ਯਿਸੂ ਸਾਨੂੰ ਸਭਨਾਂ ਨੂੰ ਆਖਦਾ ਹੈ: "ਆਓ ਤਾਂ ਵੇਖੋਗੇ"** ਇਹ ਇੱਕਦਮ ਸੱਚ ਹੈ।

ਵੇਖਣ ਦੀ ਪ੍ਰੇਰਣਾ ਨਾਲ **ਯਿਸੂ** ਦੇ ਮਗਰ ਪੂਰੇ ਦਿਲ ਨਾਲ ਤੁਰੇ ਜਾਣ ਦਾ ਇੱਕ ਵਧੀਆ ਉਦਾਹਰਣ:

ਮੱਤੀ **9:27-30** ਜਾਂ ਯਿਸੂ ਉੱਥੋਂ ਤੁਰਿਆ ਤਾਂ **ਦੋ ਅੰਨ੍ਹੇ ਉਹ ਦੇ ਮਗਰ** ਹਾਕਾਂ ਮਾਰਦੇ **ਆਏ** ਅਤੇ ਬੋਲੇ, ਹੇ ਦਾਊਦ ਦੇ ਪੁੱਤਰ, ਸਾਡੇ ਉੱਤੇ ਦਯਾ ਕਰ! (28) ਅਰ ਜਾਂ ਉਹ ਘਰ ਵਿੱਚ ਗਿਆ ਤਾਂ ਓਹ ਅੰਨ੍ਹੇ ਉਹ ਦੇ ਕੋਲ ਆਏ ਅਤੇ ਯਿਸੂ ਨੇ ਉਨ੍ਹਾਂ ਨੂੰ ਕਿਹਾ, ਭਲਾ, ਤੁਹਾਨੂੰ ਨਿਹਚਾ ਹੈ ਜੋ ਮੈਂ ਇਹ ਕੰਮ ਕਰ ਸੱਕਦਾ ਹਾਂ? ਉਨ੍ਹਾਂ ਉਹ ਨੂੰ ਆਖਿਆ, ਹਾਂ, ਪ੍ਰਭੂ ਜੀ। (29) ਤਦ ਉਹ ਉਨ੍ਹਾਂ ਦੀਆਂ ਅੱਖੀਆਂ ਨੂੰ ਛੋਹ ਕੇ ਬੋਲਿਆ, ਜਿਹੀ ਤੁਹਾਡੀ ਨਿਹਚਾ ਹੈ ਤੁਹਾਡੇ ਲਈ ਤਿਹਾ ਹੀ ਹੋਵੇ। (30) **ਅਤੇ ਉਨ੍ਹਾਂ ਦੀਆਂ ਅੱਖੀਆਂ ਖੁੱਲ੍ਹ ਗਈਆਂ।**

........................................................................................................................................

ਲੂਕਾ **24:13-35** ਇੰਮਊਸ ਦੇ ਰਾਹ 'ਤੇ ਤੁਰੇ ਜਾਂਦੇ ਦੋ ਜਣੇ

(15) ਅਤੇ ਐਉਂ ਹੋਇਆ ਕਿ ਜਾਂ ਓਹ ਗੱਲ ਬਾਤ ਅਤੇ ਚਰਚਾ ਕਰਦੇ ਸਨ ਤਾਂ **ਯਿਸੂ ਆਪ ਨੇੜੇ ਆਣ ਕੇ** ਉਨ੍ਹਾਂ **ਨਾਲ** ਤੁਰਿਆ ਗਿਆ। (16) ਪਰ **ਉਨ੍ਹਾਂ ਦੇ ਨੇਤਰ ਬੰਦ ਕੀਤੇ ਗਏ ਸਨ ਭਈ ਉਹ ਨੂੰ ਨਾ ਸਿਆਣਨ।** (17) ਉਸ ਨੇ ਉਨ੍ਹਾਂ ਨੂੰ ਆਖਿਆ ਕਿ ਤੁਸੀਂ ਤੁਰੇ ਜਾਂਦੇ ਏਹ ਕੀ ਗੱਲਾਂ ਆਪੋ ਵਿੱਚ ਕਰਦੇ ਹੋ? (27) ਅਤੇ ਮੂਸਾ ਅਰ ਸਭਨਾਂ ਨਬੀਆਂ ਤੋਂ ਸ਼ੁਰੂ ਕਰ ਕੇ ਉਸ ਨੇ ਓਹਨਾਂ ਨੂੰ ਉਨ੍ਹਾਂ ਗੱਲਾਂ ਦਾ ਅਰਥ ਦੱਸਿਆ ਜਿਹੜੀਆਂ ਸਭਨਾਂ ਪੁਸਤਕਾਂ ਵਿੱਚ ਉਹ ਦੇ ਹੱਕ ਵਿੱਚ ਲਿਖੀਆਂ ਹੋਈਆਂ ਸਨ। (28) ਉਹ ਪਿੰਡ ਨੇੜੇ ਆਇਆ ਜਿੱਥੇ ਜਾਂਦੇ ਸਨ ਅਰ ਉਸ ਨੇ ਅੱਗੇ ਵਧਨ ਨੂੰ ਕੀਤਾ। (29) ਤਾਂ **ਉਨ੍ਹਾਂ ਉਸ ਨੂੰ ਅਟਕਾ ਕੇ ਆਖਿਆ** ਕਿ **ਸਾਡੇ ਨਾਲ ਰਹੋ** ਕਿਉਂ ਜੋ ਸੰਝ ਪੈ ਗਈ ਅਤੇ ਹੁਣ ਦਿਨ ਲਹਿ ਚੱਲਿਆ ਹੈ ਅਰ ਉਹ ਉਨ੍ਹਾਂ ਦੇ ਸੰਗ ਟਿਕਣ ਨੂੰ ਅੰਦਰ ਗਿਆ। (30) ਇਉਂ ਹੋਇਆ ਕਿ ਜਾਂ ਉਹ ਉਨ੍ਹਾਂ ਦੇ ਨਾਲ ਭੋਜਨ ਛਕਣ ਨੂੰ ਬੈਠਾ ਤਾਂ ਉਸ ਨੇ ਰੋਟੀ ਲੈ ਕੇ ਬਰਕਤ ਦਿੱਤੀ ਅਤੇ ਤੋੜ ਕੇ ਉਨ੍ਹਾਂ ਨੂੰ ਫੜਾਈ। (31) **ਤਦ ਉਨ੍ਹਾਂ ਦੇ ਨੇਤਰ ਖੁਲ੍ਹ ਗਏ** ਅਤੇ ਉਨ੍ਹਾਂ ਉਸ ਨੂੰ ਸਿਆਣ ਲਿਆ

ਲੂਕਾ 16:16 . . . ਪਰਮੇਸ਼ਰ ਦੇ ਰਾਜ ਦੀ ਖੁਸ਼ ਖਬਰੀ ਸੁਣਾਈ ਜਾਂਦੀ ਹੈ ਅਤੇ ਹਰ ਕੋਈ **ਜ਼ੋਰ ਮਾਰ ਕੇ** ਉਸ ਵਿੱਚ ਵੜਦਾ ਹੈ

ਯੂਹੰਨਾ **1:40-51** ਉਨ੍ਹਾਂ ਦੋਹਾਂ ਵਿੱਚੋਂ ਜਿਨ੍ਹਾਂ ਨੇ ਯੂਹੰਨਾ ਦੀ ਗੱਲ ਸੁਣੀ ਅਤੇ ਯਿਸੂ ਦੇ ਮਗਰ ਹੋ ਤੁਰੇ ਇੱਕ ਸ਼ਮਊਨ ਪਤਰਸ ਦਾ ਭਰਾ **ਅੰਦ੍ਰਿਯਾਸ** ਸੀ। (41) ਉਸ ਨੇ **ਆਪਣੇ ਸਕੇ ਭਰਾ ਸ਼ਮਊਨ ਨੂੰ ਪਹਿਲਾਂ ਲੱਭ ਕੇ** ਉਹ ਨੂੰ ਕਿਹਾ ਕਿ ਅਸਾਂ ਮਸੀਹ ਨੂੰ ਅਰਥਾਤ ਖ੍ਰਿਸਟੁਸ ਨੂੰ ਲੱਭ ਲਿਆ ਹੈ! (42) **ਉਹ ਉਸ ਨੂੰ ਯਿਸੂ ਕੋਲ ਲਿਆਇਆ** ਅਤੇ ਯਿਸੂ ਨੇ ਉਸ ਉੱਤੇ ਦ੍ਰਿਸ਼ਟ ਕਰ ਕੇ ਕਿਹਾ ਜੋ ਤੂੰ ਯੂਹੰਨਾ ਦਾ ਪੁੱਤਰ ਸ਼ਮਊਨ ਹੈਂ, ਤੂੰ ਕੇਫ਼ਾਸ ਅਰਥਾਤ ਪਤਰਸ ਸਦਾਵੇਂਗਾ।

- ਜਿਹੜੇ ਲੋਕ ਪ੍ਰਭੂ ਦੀ ਹਜ਼ੂਰੀ ਵਿੱਚ ਸਮਾਂ ਬਿਤਾਉਂਦੇ ਹਨ, ਉਹ **ਇਸ ਅਨੰਦ ਨਾਲ ਭਰੇ ਰਹਿੰਦੇ ਹਨ** ਕਿ ਦੂਜਿਆਂ ਨੂੰ **ਭਾਲਣ** ਅਤੇ ਉਨ੍ਹਾਂ ਨੂੰ **ਦੱਸਣ।**

(43) ਅਗਲੇ ਭਲਕ ਯਿਸੂ ਨੇ ਚਾਹਿਆ ਜੋ ਉੱਥੋਂ ਨਿੱਕਲ ਕੇ ਗਲੀਲ ਵਿੱਚ ਜਾਵੇ। ਤਾਂ **ਫ਼ਿਲਿੱਪੁਸ** ਨੂੰ ਲੱਭ ਕੇ ਉਹ ਨੂੰ ਆਖਿਆ ਭਈ **ਮੇਰੇ ਪਿੱਛੇ ਹੋ ਤੁਰ।** (44) ਅਤੇ ਫ਼ਿਲਿੱਪੁਸ ਬੈਤਸੈਦੇ ਦਾ ਸੀ ਜੋ ਅੰਦ੍ਰਿਯਾਸ ਅਰ ਪਤਰਸ ਦਾ ਨਗਰ ਹੈ। (45) **ਫ਼ਿਲਿੱਪੁਸ ਨੇ ਨਥਾਨਿਏਲ ਨੂੰ ਲੱਭ ਕੇ** ਉਹ ਨੂੰ ਆਖਿਆ ਕਿ ਜਿਹ ਦੇ ਵਿਖੇ ਮੂਸਾ ਨੇ ਤੁਰੇਤ ਵਿੱਚ ਅਤੇ ਨਬੀਆਂ ਨੇ ਲਿਖਿਆ ਸੋ **ਅਸਾਂ ਉਸ ਨੂੰ ਲੱਭ ਪਿਆ ਹੈ,** ਉਸ ਯੂਸੁਫ਼ ਦਾ ਪੁੱਤਰ **ਯਿਸੂ ਨਾਸਰਤ ਦਾ** ਹੈ।

(46) ਤਾਂ **ਨਥਾਨਿਏਲ** ਨੇ ਉਸ ਨੂੰ ਆਖਿਆ, ਭਲਾ, ਨਾਸਰਤ ਵਿੱਚੋਂ ਕੋਈ ਉੱਤਮ ਵਸਤੁ ਨਿੱਕਲ ਸੱਕਦੀ ਹੈ? ਫ਼ਿਲਿੱਪੁਸ ਨੇ ਉਹ ਨੂੰ ਆਖਿਆ, **ਆ ਤੇ ਵੇਖ।** (47) ਯਿਸੂ ਨੇ **ਨਥਾਨਿਏਲ ਨੂੰ** ਆਪਣੀ ਵੱਲ **ਆਉਂਦਾ ਵੇਖ ਕੇ** ਉਹ ਦੇ ਵਿਖੇ ਆਖਿਆ, ਵੇਖੋ ਸੱਚਾ ਇਸਰਾਏਲੀ ਜਿਹ ਦੇ ਵਿੱਚ ਛੱਲ ਨਹੀਂ ਹੈ। (48) ਨਥਾਨਿਏਲ ਨੇ ਉਸ ਨੂੰ ਆਖਿਆ, ਤੁਸੀਂ ਮੈਨੂੰ ਕਿੱਥੋਂ ਜਾਣਦੇ ਹੋ? ਯਿਸੂ ਨੇ ਉਹ ਨੂੰ ਉੱਤਰ ਦਿੱਤਾ ਭਈ ਉਸ ਤੋਂ ਪਹਿਲਾਂ ਜੋ ਫ਼ਿਲਿੱਪੁਸ ਨੇ ਤੈਨੂੰ ਸੱਦਿਆ ਜਾਂ ਤੂੰ ਹੰਜੀਰ ਦੇ ਬਿਰਛ ਹੇਠ ਸੈਂ, **ਮੈਂ ਤੈਨੂੰ ਡਿੱਠਾ।**

ਤੁਹਾਡੇ **ਉਸ** ਨੂੰ ਵੇਖਣ ਤੋਂ ਬਹੁਤ ਪਹਿਲਾਂ ਹੀ **ਉਹ ਤੁਹਾਨੂੰ ਵੇਖ ਚੁੱਕਾ ਸੀ।** ਉਹ ਆਪਣੇ ਲੋਕਾਂ ਉੱਤੇ ਨਿਗਾਹ ਰੱਖਦਾ ਹੈ।

*ਉਹ ਨੇ ਸਾਨੂੰ ਜਗਤ ਦੀ ਨੀਂਹ ਧਰਨ ਤੋਂ ਅੱਗੋਂ ਹੀ ਉਸ ਵਿੱਚ ਚੁਣ ਲਿਆ।* ਅਫ਼ਸੀਆਂ 1:4

(49) **ਨਥਾਨਿਏਲ** ਨੇ ਉਸ ਨੂੰ ਉੱਤਰ ਦਿੱਤਾ, ਸੁਆਮੀ ਜੀ ਤੁਸੀਂ ਪਰਮੇਸ਼ਰ ਦੇ ਪੁੱਤਰ ਹੋ, ਤੁਸੀਂ ਇਸਰਾਏਲ ਦੇ ਪਾਤਸ਼ਾਹ ਹੋ! (50) ਯਿਸੂ ਨੇ ਉਹ ਨੂੰ ਉੱਤਰ ਦਿੱਤਾ, ਕੀ ਤੂੰ ਇਸ ਲਈ ਨਿਹਚਾ ਕਰਦਾ ਹੈਂ ਜੋ ਮੈਂ ਤੈਨੂੰ ਕਿਹਾ ਕਿ ਹੰਜੀਰ ਦੇ ਬਿਰਛ ਹੇਠ ਮੈਂ ਤੈਨੂੰ ਵੇਖਿਆ? **ਤੂੰ ਇਨ੍ਹਾਂ ਨਾਲੋਂ ਵੱਡੀਆਂ ਗੱਲਾਂ ਵੇਖੇਂਗਾ!** (51) ਫੇਰ ਉਸ ਨੂੰ ਆਖਿਆ, ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਜੋ **ਤੁਸੀਂ** ਅਕਾਸ਼ ਨੂੰ ਖੁਲ੍ਹਾ ਅਤੇ ਪਰਮੇਸ਼ਰ ਦੇ ਦੂਤਾਂ ਨੂੰ ਮਨੁੱਖ ਪੁੱਤਰ ਉੱਤੇ ਚੜ੍ਹਦੇ ਅਤੇ ਉੱਤਰਦੇ **ਵੇਖੋਗੇ।**

ਆਇਤ 50 ਤੁਹਾਡੇ ਲਈ **ਇੱਕ ਪ੍ਰਤਿੱਗਿਆ** ਹੈ: ਤੁਸੀਂ ਉਸ ਦੇ ਨਾਲ ਜਿੰਨਾ ਜ਼ਿਆਦਾ ਸਮਾਂ ਬਤੀਤ ਕਰੋਗੇ, ਓਨਾ ਹੀ ਜ਼ਿਆਦਾ **ਵੱਡੀਆਂ ਗੱਲਾਂ** . . . ਸੁਫਨੇ / ਦਰਸ਼ਣ / ਪਰਕਾਸ਼ ਵੇਖੋਗੇ।

- ਚੋਣ ਸਾਡੇ ਹੱਥ ਹੈ: ਵੱਡੀਆਂ **ਗੱਲਾਂ** . . . ਜਾਂ . . . ਇਸ ਸੰਸਾਰ ਦੀਆਂ **ਗੱਲਾਂ**।

ਹੇ ਪਿਤਾ ਮੈਂ ਚਾਹੁੰਦਾ ਹਾਂ ਭਈ ਜਿਹੜੇ ਤੈਂ ਮੈਨੂੰ ਦਿੱਤੇ ਸੋ ਜਿੱਥੇ ਮੈਂ ਹਾਂ ਓਹ ਵੀ **ਮੇਰੇ ਨਾਲ** ਹੋਣ **ਤਾਂ ਜੋ** ਓਹ **ਮੇਰੀ ਵਡਿਆਈ** ਜੋ ਤੈਂ ਮੈਨੂੰ ਦਿੱਤੀ ਹੈ **ਵੇਖਣ** ਯੂਹੰਨਾ 17:24

*ਹੁਣ ਹੀ ਮਨ ਭਾਉਂਦਾ ਸਮਾ ਹੈ, ਵੇਖੋ ਹੁਣ ਹੀ ਮੁਕਤੀ ਦਾ ਦਿਨ ਹੈ!* 2 ਕੁਰਿੰਥੀਆਂ 6:2

- ਕਿ ਤੁਸੀਂ ਇਹ ਫੈਸਲਾ ਲਵੋ ਕਿ ਤੁਹਾਡੇ ਲਈ ਮਹੱਤਵਪੂਰਣ ਕੀ ਹੈ।
- ਕਿ ਤੁਸੀਂ ਇਹ ਫੈਸਲਾ ਲਵੋ ਕਿ ਤੁਸੀਂ ਕੀ ਭਾਲੋਗੇ।
- ਕਿ ਤੁਸੀਂ ਆਪਣੀਆਂ ਪ੍ਰਾਥਮਿਕਤਾਵਾਂ ਨੂੰ ਸੁਧਾਰੋਗੇ।

ਇਹ ਅਜਿਹਾ ਹੈ ਕਿ ਜਿਵੇਂ ਸਾਡੇ ਕੋਲ ਸਾਡਾ ਪਾਸਪੋਰਟ ਹੈ — ਸਾਡੇ ਕੋਲ ਸਾਡੀ ਟਿਕਟ ਹੈ — ਨਵੇਂ ਅਤੇ ਉੱਚੇ ਥਾਂ 'ਤੇ ਜਾਣ ਲਈ ਸਾਨੂੰ ਰਵਾਨਗੀ ਟਰਮਿਨਲ ਵਿੱਚ ਪ੍ਰਵੇਸ਼ ਕਰਨ ਦੀ ਇਜਾਜ਼ਤ ਦੇ ਦਿੱਤੀ ਗਈ ਹੈ — ਪਰ...

ਇਹ ਅਜਿਹਾ ਹੈ ਕਿ ਜਿਵੇਂ ਅਸੀਂ ਸਮਾਨ ਲਿਅਉਣ ਵਾਲੀ ਬੈਲਟ 'ਤੇ ਬੈਠੇ ਹਾਂ ਅਤੇ ਗੋਲ-ਗੋਲ ਘੁੰਮੀ ਜਾ ਰਹੇ ਹਾਂ। ਪਰ ਜਿਹੜੀਆਂ ਗੱਲਾਂ ਦੇ ਮਗਰ ਅਸੀਂ ਲੱਗੇ ਹੋਏ ਹਾਂ — ਆਪਣੇ ਅਤੀਤ ਤੋਂ ਅਸੀਂ ਜਿੰਨਾ ਵੀ ਸਮਾਨ ਇਕੱਠਾ ਕੀਤਾ ਹੈ — ਸਾਰੀਆਂ ਤਕਲੀਫਾਂ ਅਤੇ ਨਿਰਾਸ਼ਾਵਾਂ, ਸਭਕੁਝ ਰਲ਼ ਕੇ ਸਾਨੂੰ ਅਗਾਂਹ ਵਧਣ ਤੋਂ ਰੋਕ ਰਹੇ ਹਨ।

ਯਿਸੂ ਪੌੜੀਆਂ ਦੇ ਉਤਲੇ ਪਾਸੇ ਖੜ੍ਹਾ ਹੈ ਅਤੇ ਸਾਨੂੰ ਉਤਾਂਹ ਬੁਲਾ ਰਿਹਾ ਹੈ > ਇੱਕ ਵੱਖਰੇ ਖੇਤਰ ਵਿੱਚ

ਆ ਕੇ ਉਸ ਦੇ ਨਾਲ ਉੱਡ ਜਾਣ ਦੇ ਲਈ। ਪਰਮੇਸ਼ਰ ਦੇ ਰਾਜ ਵਿੱਚ ਪ੍ਰਵੇਸ਼ ਕਰਨ ਅਤੇ ਰਹਿਣ ਦੇ ਲਈ। ਜਿੱਥੇ ਸਭਨਾਂ **ਗਲਾਂ** ਦਾ ਪ੍ਰਬੰਧ ਕੀਤਾ ਜਾਂਦਾ ਹੈ...ਅਤੇ ਵੱਡੀਆਂ ਗੱਲਾਂ ਵੇਖੀਆਂ ਜਾਂਦੀਆਂ ਹਨ।

ਜੋ ਕੁਝ ਤੁਸੀਂ ਫੜੀ ਬੈਠੇ ਹੋ ਉਸ ਦਾ ਸਮਰਪਣ ਕਰ ਦਓ / ਉਸ ਉੱਤੋਂ ਆਪਣੇ ਹੱਥ ਚੁੱਕ ਲਓ / ਉਸ ਨੂੰ ਆਪਣੇ ਤੋਂ ਪਿਛਾਂਹ ਰੱਖ ਦਓ / ਉਸ ਨੂੰ ਛੱਡ ਕੇ ਯਿਸੂ ਦੇ ਕੋਲ ਚਲੇ ਆਓ / ਆਪਣੇ ਧਿਆਨ ਦੇ ਕੇਂਦਰ ਨੂੰ ਬਦਲੋ / ਆਪਣੇ ਟੀਚੇ ਨੂੰ ਬਦਲੋ / ਆਪਣੀਆਂ ਪ੍ਰਾਥਮਿਕਤਾਵਾਂ ਨੂੰ ਬਦਲੋ।

ਮੱਤੀ 11:28-30 ਹੇ ਸਾਰੇ **ਥੱਕੇ ਹੋਇਓ** ਅਤੇ **ਭਾਰ ਹੇਠ ਦੱਬੇ ਹੋਇਓ, ਮੇਰੇ ਕੋਲ ਆਓ** ਤਾਂ ਮੈਂ ਤੁਹਾਨੂੰ ਅਰਾਮ ਦਿਆਂਗਾ। (29) ਮੇਰਾ ਜੂਲਾ ਆਪਣੇ ਉੱਤੇ ਲੈ ਲਵੋ (ਸੰਸਾਰ ਦਾ ਨਹੀਂ) ਅਤੇ **ਮੈਥੋਂ ਸਿੱਖੋ** ਕਿਉਂ ਜੋ ਮੈਂ ਕੋਮਲ ਅਤੇ ਮਨ ਦਾ ਗ਼ਰੀਬ ਹਾਂ ਅਤੇ ਤੁਸੀਂ ਆਪਣਿਆਂ ਜੀਆਂ ਵਿੱਚ ਅਰਾਮ ਪਾਓਗੇ। (30) ਕਿਉਂ ਜੋ ਮੇਰਾ ਜੂਲਾ ਹੌਲਾ ਅਤੇ ਮੇਰਾ ਭਾਰ ਹਲਕਾ ਹੈ।

.................................................................................................................................................

ਸੋ ਇਸ ਦੇ ਲਈ ਇੱਕ ਗੱਲ ਦੀ ਲੋੜ ਹੈ — ਜ਼ਰੂਰੀ ਹੈ ਕਿ ਅਸੀਂ ਉਨ੍ਹਾਂ ਕੰਡਿਆਲਿਆਂ ਤੋਂ ਐਨਾ ਬਾਹਰ ਨਿਕਲ ਆਈਏ ਕਿ ਉਸ ਦੇ ਨਾਲ ਕਾਫੀ **ਸਮਾਂ** ਬਤੀਤ ਕਰ ਸਕੀਏ।

**ਸੁਣਨਾ** ਅਤੇ **ਬੋਲਣਾ** ਜ਼ਰੂਰੀ ਹੈ ਅਤੇ ਯਿਸੂ ਦੇ ਨਾਲ ਇੱਕ **ਨੇੜਤਾ** ਦੇ ਸੰਬੰਧ ਲਈ ਬਹੁਤ ਮਹੱਤਵਪੂਰਣ ਹੈ।

ਇਸ ਦੇ ਲਈ ਇੱਛਾ ਦੀ – ਜਤਨ ਕਰਨ ਦੀ – ਪ੍ਰਭੂ ਦੇ ਨਾਲ ਸੰਗਤੀ ਦੀ ਲੋੜ ਹੈ।

ਯਿਸੂ ਇੱਕ ਮਨੁੱਖ ਬਣ ਗਿਆ – ਸਾਡੇ ਵਰਗਾ ਜੀਵਨ ਬਤੀਤ ਕੀਤਾ – ਉਸ ਨੇ ਆਪਣੇ ਪਿਤਾ ਦੇ ਨਾਲ ਸੰਗਤੀ **ਕਦੋਂ** ਕੀਤੀ???

> ਮਰਕੁਸ 1:35 ਉਹ **ਵੱਡੇ ਤੜਕੇ ਕੁਝ ਰਾਤ ਰਹਿੰਦਿਆਂ** ਉੱਠ ਕੇ ਬਾਹਰ ਨਿੱਕਲਿਆ ਅਰ ਇੱਕ ਉਜਾੜ ਥਾਂ ਵਿੱਚ ਜਾ ਕੇ ਉੱਥੇ ਪ੍ਰਾਰਥਨਾ ਕੀਤੀ।

1. **ਯਿਸੂ ਜਿਸ ਸਮੇਂ ਨੂੰ ਪਸੰਦ ਕਰਦਾ ਹੈ ਉਹ ਹੈ - ਬੜੇ ਤੜਕੇ**

2. **ਉਸ ਨੇ ਆਪਣੀ ਸਿੱਖਿਆ ਦਾ ਅਰੰਭ ਕਦੋਂ ਕੀਤਾ?**

ਲੂਕਾ 21:38 ਅਤੇ ਸਭ ਲੋਕ ਉਹ ਦੀ **ਸੁਣਨ ਲਈ** ਹੈਕਲ ਵਿੱਚ **ਤੜਕੇ** ਉਹ ਦੇ ਕੋਲ ਆਉਂਦੇ ਸਨ।

3. ਜੀਵਤ ਹੋ ਚੁੱਕੇ ਪ੍ਰਭੂ ਨੂੰ **ਵੇਖਣ ਲਈ ਸਭ ਤੋਂ ਪਹਿਲਾਂ ਜੋ ਗਈ**।

ਯੂਹੰਨਾ 20:1 & 14 ਹਫ਼ਤੇ ਦੇ ਪਹਿਲੇ ਦਿਨ ਮਰਿਯਮ ਮਗਦਲੀਨੀ **ਤੜਕੇ ਜਦੋਂ ਅਨ੍ਹੇਰਾ ਹੀ ਸੀ** ਕਬਰ ਉੱਤੇ ਆਈ

4. **ਪਰਮੇਸ਼ਰ ਆਦਮ ਦੇ ਨਾਲ ਕਦੋਂ ਤੁਰਦਾ-ਫਿਰਦਾ ਸੀ?**

ਉਤਪਤ 3:8 ਉਨ੍ਹਾਂ ਨੇ ਯਹੋਵਾਹ ਪਰਮੇਸ਼ਰ ਦੀ ਅਵਾਜ਼ ਸੁਣੀ ਜਦ ਉਹ ਬਾਗ ਵਿੱਚ **ਠੰਡੇ ਵੇਲੇ** ਫਿਰਦਾ ਸੀ

5. **ਮੰਨ ਤੋਂ ਸਿੱਖਿਆ ਜਾਣ ਵਾਲਾ ਪਾਠ**।

ਕੂਚ 16:12-14, 18, 21 **ਸਵੇਰ ਨੂੰ** ਤੁਸੀਂ **ਰੋਟੀ ਨਾਲ ਰੱਜ ਜਾਓਗੇ** ਅਤੇ ਤੁਸੀਂ ਜਾਣੋਗੇ ਕਿ ਮੈਂ ਯਹੋਵਾਹ ਤੁਹਾਡਾ ਪਰਮੇਸ਼ਰ ਹਾਂ।

- ਯੂਹੰਨਾ 6:35 ਯਿਸੂ ਨੇ ਉਨ੍ਹਾਂ ਨੂੰ ਆਖਿਆ, **ਜੀਉਣ ਦੀ ਰੋਟੀ ਮੈਂ ਹਾਂ।** ਜੋ ਮੇਰੇ ਕੋਲ ਆਉਂਦਾ ਹੈ ਉਹ ਮੂਲੋਂ ਭੁੱਖਾ ਨਾ ਹੋਵੇਗਾ ਅਤੇ ਜੋ ਮੇਰੇ ਉੱਤੇ ਨਿਹਚਾ ਕਰਦਾ ਹੈ ਸੋ ਕਦੇ ਵੀ ਤਿਹਾਇਆ ਨਾ ਹੋਵੇਗਾ। ਯੂਹੰਨਾ 6:48 । ਜੀਉਣ ਦੀ ਰੋਟੀ ਮੈਂ ਹਾਂ।

(16) **ਹਰ ਇੱਕ ਮਨੁੱਖ ਆਪਣੇ ਖਾਣ ਜੋਗਾ** ਇਕੱਠਾ ਕਰੇ।

(18) ਜਦ ਉਨ੍ਹਾਂ ਨੇ ਓਮਰ ਨਾਲ ਮਾਪਿਆ ਤਾਂ ਜਿਸ ਨੇ ਵੱਧ ਲਿਆ ਸੀ ਉਸ ਦਾ ਵੱਧ ਨਾ ਨਿੱਕਲਿਆ ਅਰ ਜਿਸ ਨੇ ਘੱਟ ਲਿਆ ਸੀ ਉਸ ਦਾ ਘੱਟ ਨਾ ਨਿੱਕਲਿਆ ਪਰ ਹਰ ਇੱਕ ਨੇ ਆਪਣੇ ਖਾਣ ਜੋਗਾ ਪਾਇਆ। [ਤੁਸੀਂ ਜਿੰਨੀ ਚਾਹੋ ਓਨੀ "ਜੀਵਨ ਦੀ ਰੋਟੀ" ਖਾ ਸਕਦੇ ਹੋ] (19) ਮੂਸਾ ਨੇ ਉਨ੍ਹਾਂ ਨੂੰ ਆਖਿਆ, ਸਵੇਰ ਤੀਕ ਕੋਈ ਰੱਖ ਨਾ ਛੱਡੇ। (20) ਪਰ ਉਨ੍ਹਾਂ ਨੇ ਮੂਸਾ ਦੀ ਨਾ ਸੁਣੀ। ਕਈਆਂ ਨੇ ਉਸ ਵਿੱਚੋਂ ਸਵੇਰ ਤੀਕ ਰੱਖ ਛੱਡਿਆ ਸੋ ਉਸ ਵਿੱਚ ਕੀੜੇ ਪੈ ਗਏ ਅਤੇ ਸੜਿਆਹਣ ਆਉਣ ਲੱਗ ਪਈ। ਤਾਂ ਮੂਸਾ ਉਨ੍ਹਾਂ ਉੱਤੇ ਗਰੰਜ ਹੋਇਆ। (21) ਸੋ ਓਹ ਹਰ ਇੱਕ ਦੇ ਖਾਣ ਜੋਗਾ **ਹਰ ਸਵੇਰ ਨੂੰ ਇਕੱਠਾ ਕਰ ਲੈਂਦੇ ਸਨ ਅਰ ਜਦ ਧੁੱਪ ਤਿੱਖੀ ਹੁੰਦੀ ਸੀ ਤਾਂ ਉਹ ਢਲ ਜਾਂਦਾ ਸੀ।**

6. **ਧੂਪ ਦੀ ਵੇਦੀ** ਧੂਪ ਸਾਡੀਆਂ ਪ੍ਰਾਰਥਾਨਾਵਾਂ ਦਾ ਪ੍ਰਤੀਕ ਹੈ।

ਕੂਚ 30:7-8 ਅਰ ਹਾਰੂਨ ਉਸ ਉੱਤੇ ਸੁਗੰਧੀ ਧੂਪ **ਹਰ ਸਵੇਰ ਦੇ ਸਮੇ ਧੁਖਾਵੇ।** ਜਦ ਉਹ ਦੀਵਿਆਂ ਨੂੰ ਸੁਆਰੇ ਤਦ ਉਹ ਏਹ ਧੁਖਾਵੇ...ਉਹ ਤੁਹਾਡੀਆਂ ਪੀੜ੍ਹੀਆਂ ਤੀਕ ਸਦਾ ਲਈ ਯਹੋਵਾਹ ਦੇ ਸਨਮੁਖ ਧੂਪ ਧੁਖਾਵੇ।

ਪਰਕਾਸ਼ 8:3-4 ਫੇਰ ਇੱਕ ਹੋਰ ਦੂਤ ਆਇਆ ਅਤੇ ਸੋਨੇ ਦੀ ਧੂਪਦਾਨੀ ਲਈ...ਬਹੁਤ ਸਾਰੀ **ਧੂਪ** ਉਹ ਨੂੰ ਦਿੱਤੀ ਗਈ ਭਈ ਉਹ ਉਸ ਨੂੰ ਸਭਨਾਂ ਸੰਤਾਂ ਦੀਆਂ **ਪ੍ਰਾਰਥਨਾਂ** ਦੇ ਨਾਲ ਨਾਲ ਉਸ ਸੋਨੇ ਦੀ ਜਗਵੇਦੀ ਉੱਤੇ ਧੁਖਾਉਂਦਾ ਰਹੇ ਜਿਹੜੀ ਸਿੰਘਾਸਣ ਦੇ ਅੱਗੇ ਹੈ। (4) ਅਤੇ ਧੂਪ ਦਾ ਧੂੰਆਂ ਸੰਤਾਂ ਦੀਆਂ ਪ੍ਰਾਰਥਨਾਂ ਨਾਲ ਓਸ ਦੂਤ ਦੇ ਹੱਥੋਂ ਪਰਮੇਸ਼ਰ ਦੇ ਹਜ਼ੂਰ ਅੱਪੜ ਗਿਆ।

7. **ਜਾਜਕ ਅੱਗ ਨੂੰ ਪੂਰੀ ਤਰ੍ਹਾਂ ਭੜਕਾਉਂਦਾ ਹੈ।** ਲੇਵੀਆਂ 6:12-13 **ਜਗਵੇਦੀ ਦੇ ਉੱਤੇ ਜਿਹੜੀ ਅੱਗ ਹੈ ਸੋ ਉਸ ਦੇ ਵਿੱਚ ਬਲਦੀ ਰਹੇ। ਉਹ ਕਦੇ ਨਾ ਬੁਝਾਈ ਜਾਵੇ** ਅਤੇ **ਜਾਜਕ ਸਵੇਰ ਦੇ ਵੇਲੇ ਸਦਾ** ਉਸ ਦੇ ਉੱਤੇ ਲੱਕੜਾਂ **ਬਾਲਣ** (13) ਜਗਵੇਦੀ ਦੇ ਉੱਤੇ **ਅੱਗ ਸਦਾ ਬਲਦੀ ਰਹੇ, ਉਹ ਕਦੇ ਨਾ ਬੁਝੇ।**

   ਮੱਤੀ 3:11 ਉਹ ਤੁਹਾਨੂੰ ਪਵਿੱਤਰ ਆਤਮਾ ਅਤੇ ਅੱਗ ਨਾਲ ਬਪਤਿਸਮਾ ਦੇਊ।

8. **ਪਹਿਲਾ ਫਲ ਪ੍ਰਭੂ ਦਾ ਹੈ।** ਕਹਾਉਤਾਂ 3:9 ਆਪਣਾ ਮਾਲ ਅਤੇ ਆਪਣੀ ਸਾਰੀ ਪੈਦਾਵਾਰ ਦੇ ਪਹਿਲੇ ਫਲ ਨਾਲ ਯਹੋਵਾਹ ਦੀ ਮਹਿਮਾ ਕਰ

9. **ਦਾਊਦ ਪ੍ਰਭੂ ਦਾ ਮਨ ਭਾਉਂਦਾ ਵਿਅਕਤੀ ਸੀ। ਕਿਉਂ?**

   ਜ਼ਬੂਰਾਂ 5:3 ਹੇ ਯਹੋਵਾਹ, ਤੂੰ **ਅੰਮ੍ਰਿਤ ਵੇਲੇ** ਮੇਰੀ ਅਵਾਜ਼ ਸੁਣੇਂਗਾ, **ਅੰਮ੍ਰਿਤ ਵੇਲੇ** ਮੈਂ ਤੇਰੇ ਲਈ ਤਿਆਰੀ ਕਰ ਕੇ ਤੇਰੀ ਉਡੀਕ ਕਰਾਂਗਾ।

   ਜ਼ਬੂਰਾਂ 57:8 ਹੇ ਮੇਰੀ ਮਹਿਮਾ, ਜਾਗ! ਹੇ ਸਤਾਰ ਤੇ ਬਰਬਤ, ਜਾਗੋ! **ਮੈਂ ਫਜਰ ਨੂੰ ਵੀ ਜਗਾ ਦਿਆਂਗਾ!**

   ਜ਼ਬੂਰਾਂ 63:1 ਹੇ ਪਰਮੇਸ਼ਰ, ਤੂੰ ਮੇਰਾ ਪਰਮੇਸ਼ਰ ਹੈਂ, **ਮੈਂ ਦਿਲ ਤੋਂ ਤੈਨੂੰ ਭਾਲਦਾ ਹਾਂ,** ਮੇਰੀ ਜਾਨ ਤੇਰੀ ਤਿਹਾਈ ਹੈ, ਮੇਰਾ ਸਰੀਰ ਤੇਰੇ ਲਈ ਤਰਸਦਾ ਹੈ

   ਜ਼ਬੂਰਾਂ 90:14 **ਸਵੇਰ ਨੂੰ ਆਪਣੀ ਦਯਾ ਨਾਲ ਸਾਡੀ ਨਿਸ਼ਾ ਕਰ,** ਭਈ ਅਸੀਂ ਆਪਣੇ ਸਾਰੇ ਦਿਨ ਜੈਕਾਰੇ ਗਜਾਈਏ ਅਤੇ ਅਨੰਦ ਕਰੀਏ।

   ਜ਼ਬੂਰਾਂ 119:147 **ਮੈਂ ਪੌਹ ਫੁੱਟਣ ਤੋਂ ਪਹਿਲਾਂ ਉੱਠਿਆ** ਤੇ ਦੁਹਾਈ ਦਿੱਤੀ, ਮੈਂ ਤੇਰੇ ਬਚਨ ਲਈ **ਆਸਾ** ਰੱਖੀ।

10. ਸਰੇਸ਼ਟ ਗੀਤ **7:12** **ਅਸੀਂ ਸਵੇਰੇ ਹੀ...ਉੱਠੀਏ...**
    **ਅਸੀਂ ਸਵੇਰੇ ਹੀ** ਅੰਗੂਰੀ ਬਾਗ਼ਾਂ ਲਈ **ਉੱਠੀਏ,** ਅਸੀਂ ਵੇਖੀਏ ਭਈ ਵੇਲ ਖਿੜੀ ਹੈ, ਅਤੇ ਉਸ ਦੇ ਫੁੱਲ ਖੁਲ੍ਹੇ ਹਨ, ਅਤੇ ਅਨਾਰ ਫੁੱਲੇ ਹਨ ਕਿ ਨਹੀਂ, **ਉੱਥੇ ਮੈਂ ਤੈਨੂੰ ਆਪਣਾ ਪ੍ਰੇਮ ਦਿਆਂਗੀ।**

ਉਹ ਤੁਹਾਨੂੰ ਬਾਗ਼ ਵਿੱਚ ਬੁਲਾ ਰਿਹਾ ਹੈ...ਉਹ ਤੁਹਾਡੇ ਨਾਲ ਹਰ ਸਵੇਰੇ ਤੜਕੇ ਤੁਰਨਾ ਚਾਹੁੰਦਾ ਹੈ, ਉਵੇਂ ਹੀ ਜਿਵੇਂ ਉਹ ਆਦਮ ਅਤੇ ਹੱਵਾਹ ਦੇ ਨਾਲ ਤੁਰਦਾ ਸੀ।

ਉਹ ਤੁਹਾਨੂੰ ਆਪਣਾ ਪ੍ਰੇਮ ਦੇਣਾ ਚਾਹੁੰਦਾ ਹੈ। ਤੁਸੀਂ ਕਿਵੇਂ ਜਵਾਬ ਦਵੋਗੇ?

ਤੁਸੀਂ ਕੀ ਕਰੋਗੇ? ਤੁਸੀਂ ਕੀ ਚਾਹੁੰਦੇ ਹੋ?

ਉਹ ਹਰ ਸਵੇਰੇ ਤੁਹਾਡੀ ਉਡੀਕ ਕਰਦਾ ਹੈ।

A. ਉਸ ਦੀ ਅਵਾਜ਼ ਨੂੰ **ਸੁਣਨਾ** (ਰੇਮਾ/Rhema) – ਉਹ ਅਜੇ ਵੀ ਬੋਲ ਰਿਹਾ ਹੈ

1. ਇਬਰਾਨੀਆਂ 3:7, 15; 4:7; 5:14; 12:25

2. ਯੂਹੰਨਾ 10:27; 16:13

3. ਹਬੱਕੂਕ 2:1-2

    a) ਇੱਕ ਸ਼ਾਂਤ ਥਾਂ ਭਾਲੋ: ਜ਼ਬੂਰਾਂ 27:5; ਕੂਚ 33:21-22

    b) ਪ੍ਰਾਰਥਨਾ ਕਰਦਿਆਂ ਦਰਸ਼ਣ ਦੀ ਭਾਲ ਕਰੋ:

    c) ਉਸ ਦੇ ਵਚਨ ਦੀ ਉਡੀਕ ਕਰੋ: ਜ਼ਬੂਰਾਂ 119:74, 114, 123, 147

    d) ਉਸ ਦੀ ਅਵਾਜ਼ ਨੂੰ ਪਛਾਣੋ: 1 ਰਾਜਿਆਂ 17:2, 8; 18:1, 9-13

    e) ਦਰਸ਼ਣ ਨੂੰ ਲਿਖ ਲਵੋ: ਹਬੱਕੂਕ 2:1-3